(i) Printed Pages : 3 Roll No. ..............................

(ii) Questions : 7 **Sub. Code : 1 7 5 0 2**

**Exam. Code : 0 0 0 6**

**B.A./B.Sc. (General) 6th Semester**

**(2055)**

**PUNJABI (Compulsory)**

**Paper : (For B.A. Candidates & Shastri VIth Semester)**

**Time Allowed : Three Hours] [Maximum Marks : 45**

**ਨੋਟ** :– (1) ਲਿਖਾਈ ਸੁੰਦਰ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

(2) ਸਾਰੇ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਹੱਲ ਕੀਤੇ ਜਾਣ।

1. 'ਅਨੂਪ ਕੌਰ' ਨਾਵਲ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

'ਅਨੂਪ ਕੌਰ' ਨਾਵਲ ਵਿੱਚੋਂ ਤੁਹਾਨੂੰ ਜਿਹੜਾ ਪਾਤਰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ, ਉਸ ਦਾ ਚਰਿੱਤਰ ਚਿਤਰਨ ਕਰੋ। 10

2. ਕਿਸੇ **ਇੱਕ** ਵਾਰਤਾਲਾਪ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) "ਆਖਰ ਅਨੂਪ ਕੌਰ ਆ ਈ ਗਈ ਨਾ। ਸਾਡੀ ਪਾਲਕੀ ਖਾਲੀ ਮੁੜ ਆਏ, ਇੱਟ ਨਾਲ ਇੱਟ ਨਾ ਵਜਾ ਦੇਵਾਂ। ਸਾਡੇ ਰਹਿਮ ਕਰਮ ਤੇ ਹੀ ਵਸਦਾ ਏ ਗੁਰੂ ਸਿੰਘਾਂ ਦਾ 'ਰਹਿਣਾ ਤਲਾ ਵਿੱਚ ਤੇ ਵੈਰ ਮਗਰਮੱਛ ਨਾਲ' ਕਦੇ ਨਹੀ ਹੋ ਸਕਦਾ"।

(ਅ) "ਮਾਂ ਮੈਨੂੰ ਤੁਸੀਂ ਇਹੋ ਜਿਹਾ ਵਰ ਲੱਭ ਕੇ ਨਹੀਂ ਦੇ ਸਕਦੇ। ਜਦੋਂ ਮੇਰੀ ਚੋਣ ਸੁਣੀ, ਮਾਂ ਫੁਲ ਫੁਲ ਪਵੇਂਗੀ। ਦੀਵਾ ਲੈ ਕੇ ਢੂੰਡਿਆਂ ਵੀ ਹਿੰਦੁਸਤਾਨ ਚੋਂ ਇਹੋ ਜਿਹਾ ਵਰ ਨਹੀਂ ਮਿਲ ਸਕਦਾ। ਮੈਂ ਬੜਾ ਸੋਚ ਸਮਝ ਕੇ ਫੈਸਲਾ ਕੀਤਾ ਏ"। 5

3. ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਅਨੂਪ ਕੌਰ ਨਾਵਲ ਦਾ ਲੇਖਕ ਕੌਣ ਹੈ ?

(ਅ) ਕਿਹੜੇ ਸ਼ਹਿਰ ਨੂੰ ਮੁਸਲਮਾਨ ਆਪਣਾ ਮੱਕਾ-ਮਦੀਨਾ ਆਖਦੇ ਹਨ ?

(ੲ) ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲਣ ਸਮੇਂ ਕਿਹੜੇ-ਕਿਹੜੇ ਸਿੱਖਾਂ ਨੇ ਗੁਰੂ ਜੀ ਦਾ ਸਾਥ ਦਿੱਤਾ ?

(ਸ) ਗੁਪਤੀ ਕਿਹੋ ਜਿਹਾ ਹਥਿਆਰ ਸੀ ?

(ਹ) ਸਰਸਾ ਨਦੀ ਪਾਰ ਕਰਨ ਮਗਰੋਂ ਗੁਰੂ ਜੀ ਕਿੱਥੇ ਪਹੁੰਚੇ ?

(ਕ) ਕੀ 'ਅਨੂਪ ਕੌਰ' ਨਾਵਲ ਦਾ ਸਿਰਲੇਖ ਢੁੱਕਵਾਂ ਹੈ ?

(ਖ) ਤੀਰ ਨਾਲ ਕੀ ਕੁੱਝ ਲੱਗਾ ਸੀ ?

(ਗ) ਚਮਕੌਰ ਦੀ ਗੜ੍ਹੀ ਕਿਹੋ ਜਿਹੀ ਸੀ ? $5 \times 1 = 5$

4. ਤੁਹਾਡੇ ਕਾਲਜ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ, ਇਸ ਸੰਬੰਧੀ ਇੱਕ ਪ੍ਰੈਸ ਨੋਟ ਤਿਆਰ ਕਰੋ। 8

5. ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਦੱਸੋ।

**ਜਾਂ**

ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਉਂ ਢੁੱਕਵੀਂ ਹੈ ?

**ਜਾਂ**

ਗੁਰਮੁਖੀ ਲਿਖਤ-ਵਿਧੀ ਨਾਲ ਸੰਖੇਪ ਜਾਣ-ਪਛਾਣ ਕਰਾਉ। 7

6. ਵਾਕ ਵਿੱਚ ਉਦੇਸ਼ ਤੇ ਵਿਧੇ ਕੀ ਹੁੰਦਾ ਹੈ ? ਉਦਾਹਰਣਾਂ ਸਹਿਤ ਜਾਣਕਾਰੀ ਦਿਉ।

**ਜਾਂ**

ਬਣਤਰ ਦੇ ਅਧਾਰ ਤੇ ਵਾਕ ਦੀਆਂ ਕਿਸਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਉ। 6

7. ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਦਿਉ :

(i) ਵਿਗਿਆਨੀ ਵੀ ਇੱਥੇ ਆ ਕੇ ਰੁਕ ਗਏ ਹਨ ਕਿ ਬ੍ਰਹਿਮੰਡ ਬੇਅੰਤ ਹੈ।

(ii) ਕੋਈ ਇੱਕ ਹੁਕਮੀ ਵਾਕ ਲਿਖੋ।

(iii) ਯੋਜਕ ਕੀ ਹੁੰਦਾ ਹੈ ?

(iv) ਪੰਜਾਬੀ ਵਿੱਚ ਕਿੰਨੇ ਅਨੁਸਾਸਿਕ ਸ਼ਬਦ ਹਨ ? ਲਿਖੋ। 2+2